National Research Journal of Social Sciences
Volume-11, Issue-1, January-June 2026
PP: 314-320

ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਸੀਸੁ ਦੀਆ ਪਰੁ ਸਿਰਰੁ ਨਾ ਦੀਆ: ਅਦੁੱਤੀ ਸ਼ਹਾਦਤ ਦਾ ਮੁਜੱਸਮਾ ਗੁਰੂ ਤੇਗ਼ ਬਹਾਦੁਰ ਜੀ ਅਧਾਰਿਤ ਨਾਟਕ: ਹਿੰਦ ਦੀ ਚਾਦਰ (ਡਾ. ਹਰਚਰਨ ਸਿੰਘ)

**ਰੁਪਿੰਦਰਜੀਤ ਕੌਰ**

ਸਹਾਇਕ ਪ੍ਰੋਫ਼ੈਸਰ

ਪੰਜਾਬੀ ਵਿਭਾਗ, ਖ਼ਾਲਸਾ ਕਾਲਜ ਫ਼ਾਰ ਵਿਮੈਨ, ਸਿਵਿਲ ਲਾਈਨਜ਼, ਲੁਧਿਆਣਾ ।

**ਸੰਖੇਪ ਸਾਰ**

ਸੰਸਾਰ ਵਿੱਚ ਅਨੇਕਾਂ ਲੋਕ ਹੋਣਗੇ ਜਿਹਨਾਂ ਨੇ ਆਪਣੇ ਧਰਮ ਪਿੱਛੇ ਕੁਰਬਾਨੀ ਕੀਤੀ ਹੋਵੇ ਪ੍ਰੰਤੂ 'ਹਿੰਦ ਦੀ ਚਾਦਰ' ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਇੱਕ ਲਾਸਾਨੀ ਕੁਰਬਾਨੀ ਹੈ, ਜਿਹਨਾਂ ਨੇ ਦੂਸਰੇ ਧਰਮ ਦੀ ਖਾਤਰ ਜਾਨ ਵਾਰੀ। ਬੇਸ਼ੱਕ ਗੁਰੂ ਤੇਗ ਬਹਾਦਰ ਜੀ ਤੇਗ ਦੇ ਧਨੀ ਸਨ, ਪ੍ਰੰਤੂ ਉਹਨਾਂ 'ਹਿੰਦ ਦੀ ਚਾਦਰ' ਬਣ ਕੇ ਸਰਬੱਤ ਦੇ ਭਲੇ ਅਤੇ ਹਿੰਦੂ ਧਰਮ ਦੇ ਸੰਸਕ੍ਰਿਤਿਕ ਮੁੱਲਾਂ ਦੀ ਰੱਖਿਆ ਲਈ ਕੁਰਬਾਨੀ ਦੇ ਕੇ ਇੱਕ ਨਵੀਂ ਕਿਸਮ ਦੇ ਯੁੱਧ ਦਾ ਆਗ਼ਾਜ਼ ਕੀਤਾ। ਗੁਰੂ ਸਾਹਿਬ ਦੀ ਸ਼ਹਾਦਤ ਦਾ ਸਿਧਾਂਤ ਤੇ ਪਰੰਪਰਾ ਸਿੱਖ ਧਰਮ ਦੀ ਨਿਵੇਕਲੀ ਪਹਿਚਾਣ ਬਣ ਗਈ । ਉਹਨਾਂ ਨੇ ਕੌਮ ਲਈ ਕੁਰਬਾਨੀ ਦੇ ਕੇ ਧਾਰਮਕ ਨਿਆਂ, ਮਾਨਵੀ ਕਦਰਾਂ-ਕੀਮਤਾਂ ਅਤੇ ਜ਼ਮੀਰ ਦੀ ਅਜ਼ਾਦੀ ਲਈ ਆਪਣੇ ਹੱਕ ਲਈ ਖੜਨ ਅਤੇ ਲੜਨ ਦਾ ਜਜ਼ਬਾ ਲੋਕਾਈ ਵਿੱਚ ਭਰਿਆ। ਸਮੇਂ ਦੀ ਹਕੂਮਤ ਨੂੰ ਵੰਗਾਰ ਦੇਣਾ ਉਸ ਸਮੇਂ ਇੱਕ ਯੁੱਗ ਪਲਟਾਊ ਘਟਨਾ ਸੀ ਜੋ ਮੁਗਲ ਬਾਦਸ਼ਾਹ ਦੇ ਅੱਤਿਆਚਾਰ ਨੂੰ ਚੁੱਪ-ਚਾਪ ਸਹਿਣ ਕਰ ਰਹੀ ਲੋਕਾਈ ਲਈ ਰਾਹ ਦਿਖਾਊ ਸੀ ਅਤੇ ਇੱਕ ਅਦੁੱਤੀ ਸਾਕਾ ਸੀ। ਰਾਜਨੀਤਿਕ ਸੱਤਾ ਦੇ ਖ਼ੌਫ਼ ਵਿੱਚ ਮਰ-ਮਰ ਕੇ ਜਿਉਂ ਰਹੀਆਂ ਕੌਮਾਂ ਲਈ ਗੁਰੂ ਸਾਹਿਬ ਦੀ ਕੁਰਬਾਨੀ ਨਿਰਭੈਅ ਹੋ ਕੇ ਆਪਣੇ ਅਸਤਿੱਤਵ ਦੀ ਰਾਖੀ ਕਰਨ, ਸਵੈ-ਵਿਸ਼ਵਾਸ ਅਤੇ ਸਵੈਮਾਣ ਨਾਲ ਜਿਉਣ ਦੀ ਸਿਖਿਆ ਦੇਣ ਵਿੱਚ ਸਫ਼ਲ ਰਹੀ ਅਤੇ ਆਉਣ ਵਾਲੇ ਸਮੇਂ ਵਿੱਚ ਖਾਲਸਾ ਪੰਥ ਦੇ ਰੂਪ ਵਿੱਚ ਸਾਹਮਣੇ ਆਈ। ਪ੍ਰਸਤੁਤ ਪੇਪਰ ਡਾ. ਹਰਚਰਨ ਸਿੰਘ ਦੇ ਨਾਟਕ ਹਿੰਦ ਦੀ ਚਾਦਰ ਨੂੰ ਆਧਾਰ ਬਣਾ ਕੇ ਇਸੇ ਵਿਸ਼ੇ ਦਾ ਵਿਸਥਾਰ ਕਰੇਗਾ।

**ਭੂਮਿਕਾ:** 'ਹਿੰਦ ਦੀ ਚਾਦਰ' ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਇੱਕ ਲਾਸਾਨੀ ਕੁਰਬਾਨੀ ਹੈ। ਹਰ ਧਰਮ ਵਿੱਚ ਆਪਣੇ ਧਰਮ ਰਾਖੀ ਅਤੇ ਕੌਮ ਲਈ ਜੂਝਣ ਵਾਲੇ ਤੇ ਜੂਝ ਮਰਨ ਵਾਲੇ ਸੂਰਬੀਰਾਂ ਅਤੇ ਸ਼ਹੀਦਾਂ ਦੀਆਂ ਗਾਥਾਵਾਂ ਅਕਸਰ ਹੀ ਸੁਣਨ ਨੂੰ ਮਿਲ ਜਾਂਦੀਆਂ ਹਨ ਪਰੰਤੂ ਸਰਬੱਤ ਦੇ ਭਲੇ ਲਈ ਅਤੇ ਸਮੁੱਚੀ ਇਨਸਾਨੀਅਤ ਦੇ ਹੱਕਾਂ ਦੀ ਰਾਖੀ ਲਈ, ਦੂਜੇ ਧਰਮਾਂ ਤੇ ਕੌਮਾਂ ਦੇ ਰਹਿਬਰ ਬਣਨ ਵਾਲੇ ਸਿੱਖ ਗੁਰੂ 'ਗੁਰੂ ਤੇਗ ਬਹਾਦਰ ਜੀ' ਦੀ ਕੁਰਬਾਨੀ ਇੱਕ ਅਦੁੱਤੀ ਕੁਰਬਾਨੀ ਹੈ।

ਤਿਲਕ ਜੰਞੂ ਰਾਖਾ ਪ੍ਰਭ ਤਾਕਾ॥ ਕੀਨੋ ਬਡੋ ਕਲੂ ਮਹਿ ਸਾਕਾ॥

ਸਾਧਨਿ ਹੇਤ ਇਤੀ ਜਿਨਿ ਕਰੀ॥ ਸੀਸ ਦੀਆ ਪਰ ਸੀ ਨ ਉਚਰੀ॥

ਧਰਮ ਹੇਤ ਸਾਕਾ ਜਿਨਿ ਕੀਆ॥ ਸੀਸ ਦੀਆ ਪਰੁ ਸਿਰਰੁ ਨ ਦੀਆ॥

ਨਾਟਕ ਚੇਟਕ ਕੀਏ ਕੁਕਾਜਾ॥ ਪ੍ਰਭ ਲੋਗਨ ਕਹ ਆਵਤ ਲਾਜਾ ॥[1]

ਗੁਰੂ ਤੇਗ ਬਹਾਦਰ ਜੀ ਦੀ ਇਹ ਸ਼ਹਾਦਤ ਸਿੱਖ ਕੌਮ ਹੀ ਨਹੀਂ, ਹਿੰਦੁਸਤਾਨ ਬਲਕਿ ਸਮੁੱਚੀ ਇਨਸਾਨੀਅਤ ਅੰਦਰ ਦ੍ਰਿੜਤਾ, ਭੈ-ਮੁਕਤੀ ਅਤੇ ਮੌਤ ਨੂੰ ਜੀਵਨ ਦੀ ਅਟੱਲ ਸੱਚਾਈ ਜਾਣ ਕੇ ਆਨੰਦ ਅਵਸਥਾ ਵਿੱਚ ਜਿਉਣਾ ਸਿਖਾਉਣ ਦਾ ਇੱਕ ਅਦਭੁਤ ਕੌਤਕ ਸੀ। ਇਸ ਪਰਚੇ ਦਾ ਮਨੋਰਥ ਸਾਹਿਤ ਰਾਹੀਂ, ਗੁਰੂ ਸਾਹਿਬਾਨ ਦੀ ਸ਼ਹਾਦਤ ਨੂੰ ਆਉਣ ਵਾਲੀਆਂ ਪੀੜ੍ਹੀਆਂ ਦੇ ਜ਼ਿਹਨ ਵਿੱਚ ਪਰਪੱਕ ਕਰਨਾ ਹੈ। ਤਾਂ ਜੋ ਭਵਿੱਖ ਨਾ ਕੇਵਲ ਸਿੱਖ ਇਤਿਹਾਸ ਤੋਂ ਜਾਣੂ ਰਹੇ ਬਲਕਿ ਸਿੱਖ ਕੌਮ ਦੁਆਰਾ ਕੀਤੀਆਂ ਗਈਆਂ ਕੁਰਬਾਨੀਆਂ ਦੇ ਮਨੋਰਥ ਨੂੰ ਵੀ ਸਮਝੇ ਅਤੇ ਸਿੱਖੀ ਅਸੂਲਾਂ ਨੂੰ ਆਪਣੇ ਜੀਵਨ ਵਿੱਚ ਧਾਰਨ ਕਰਕੇ ਇੱਕ ਸੱਚਾ-ਸੁੱਚਾ ਖਾਲਸਾਈ ਜੀਵਨ ਜਿਉਣ ਦੀ ਜਾਂਚ ਸਿੱਖੇ।

ਇਸ ਮਨੋਰਥ ਨੂੰ ਸਫਲਤਾ ਪੂਰਵਕ ਨਿਭਾਉਣ ਲਈ ਇਸ ਪਰਚੇ ਦਾ ਆਧਾਰ ਡਾਕਟਰ ਹਰਚਰਨ ਸਿੰਘ ਦੇ ਨਾਟਕ 'ਹਿੰਦ ਦੀ ਚਾਦਰ' ਨੂੰ ਲਿਆ ਗਿਆ ਹੈ ਜਿਸ ਵਿੱਚ ਉਹਨਾਂ ਨੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਕੁਝ ਸਮਾਂ ਪਹਿਲਾਂ ਅਤੇ ਸ਼ਹਾਦਤ ਤੋਂ ਬਾਅਦ ਲੱਗੀ ਕਚਹਿਰੀ ਦੇ ਸਮੇਂ ਦਾ ਬਹੁਤ ਹੀ ਭਾਵਪੂਰਨ ਅਤੇ ਇਤਿਹਾਸਿਕ ਤੱਥਾਂ ਮੁਤਾਬਕ ਬਾ-ਕਮਾਲ ਵਰਣਨ ਕੀਤਾ ਹੈ। ਗੁਰੂ ਸਾਹਿਬ ਦੀ ਕੁਰਬਾਨੀ ਤੋਂ ਬਾਅਦ ਸਿੱਖਾਂ ਦੇ ਅੰਦਰ ਪੈਦਾ ਹੋਏ ਜਬਰ-ਜ਼ੁਲਮ ਖ਼ਿਲਾਫ਼ ਲੜਨ ਦੇ ਜਜ਼ਬੇ ਅਤੇ ਮੌਤ ਦੇ ਭੈਅ ਤੋਂ ਮੁਕਤ ਜੀਵਨ-ਜਾਂਚ ਨੂੰ ਧਾਰਨ ਕਰਨ ਲਈ ਹਕੂਮਤ ਨਾਲ ਟੱਕਰ ਲੈ ਸਕਣ ਦੇ ਹੌਂਸਲੇ ਨੂੰ ਦ੍ਰਿੜਾਇਆ ਹੈ। ਨਾਟਕ ਦਾ ਵਿਸ਼ਾ ਅਤੇ ਕਥਾਨਕ ਪਰਚੇ ਦੇ ਸਿਰਲੇਖ ਲਈ ਪੂਰੀ ਤਰ੍ਹਾਂ ਢੁਕਵੇਂ ਅਤੇ ਨਾਟਕ ਦੇ ਵਾਰਤਾਲਾਪੀ ਅੰਸ਼ ਪਰਚੇ ਦੇ ਵਿਸਥਾਰ ਵਿੱਚ ਹਵਾਲਿਆਂ ਦੇ ਰੂਪ ਵਿੱਚ ਦਿੱਤੇ ਜਾਣ ਲਈ ਪੂਰੀ ਤਰ੍ਹਾਂ ਢੁੱਕਵੇ ਹਨ।

**ਵਿਸ਼ੇ ਦਾ ਵਿਸਥਾਰ:** 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਦਾ ਭਲਾ' ਸਿੱਖ ਕੌਮ ਦਾ ਸਰਵੋਤਮ ਸਿਧਾਂਤ ਹੈ। ਗੁਰੂ ਨਾਨਕ ਦੇਵ ਜੀ ਦੇ ਦਿੱਤੇ ਇਸ ਸਿਧਾਂਤ ਦੀ ਪਾਲਣਾ ਸਾਰੇ ਹੀ ਗੁਰੂ ਸਾਹਿਬਾਨਾਂ ਨੇ ਆਪਣੇ ਸਮੇਂ ਅਤੇ ਪ੍ਰਸਥਿਤੀਆਂ ਅਨੁਸਾਰ ਆਪੋ-ਆਪਣੇ ਤਰੀਕੇ ਨਾਲ ਕੀਤੀ। ਉਹਨਾਂ ਸਿੱਖੀ ਸਿਧਾਂਤਾਂ ਨੂੰ ਸਮੂਹ ਲੋਕਾਈ ਵਿੱਚ ਵਿਸਤਾਰਿਆ ਅਤੇ ਸਿੱਖ ਕੌਮ ਦੇ ਗੁਰਮੁਖਾਂ-ਗੁਰਸਿੱਖਾਂ ਨੇ ਵੀ ਸਿੱਖੀ-


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਸਿਧਾਂਤਾਂ ਦੀ ਰਾਖੀ ਲਈ ਗੁਰੂਆਂ ਦਾ ਸਾਥ ਦਿੱਤਾ ਅਤੇ ਹਰ ਤਰੀਕੇ ਆਪਣਾ ਯੋਗਦਾਨ ਪਾਇਆ। ਇਸ ਨੂੰ ਪਰਪੱਕ ਕਰਨ ਲਈ ਸਮੇਂ-ਸਮੇਂ ਗੁਰੂ ਸਾਹਿਬਾਨਾਂ ਅਤੇ ਉਹਨਾਂ ਦੇ ਪਿਆਰੇ ਗੁਰਸਿੱਖਾਂ ਨੇ ਆਪ ਸਿਰ-ਧੜ ਦੀਆਂ ਬਾਜ਼ੀਆਂ ਲਾ ਕੇ ਸ਼ਹਾਦਤਾਂ ਦੇ ਜਾਮ ਪੀਤੇ ਅਤੇ ਆਪਣੇ ਪਰਿਵਾਰਾਂ ਦੀਆਂ ਕੁਰਬਾਨੀਆਂ ਦਿੱਤੀਆਂ।

ਉਹ ਸਮਾਂ ਜਦੋਂ ਹਿੰਦੂ ਸੰਸਕ੍ਰਿਤੀ, ਮੁਸਲਮਾਨੀ ਹੱਲਿਆਂ ਦੀ ਮਾਰ ਸਹਿ-ਸਹਿ ਕੇ ਆਪਣਾ ਸਵੈਮਾਣ ਅਤੇ ਸੁਤੰਤਰਤਾ ਗੁਆ ਬੈਠੀ ਸੀ ਅਤੇ ਉਹਨਾਂ ਦੀ ਜਿੰਦਹੀਣ ਧਾਰਮਿਕਤਾ ਨਿਰਾ ਦਿਖਾਵਾ ਮਾਤਰ ਰਹਿ ਗਈ ਸੀ ।ਸਮੇਂ ਦੀ ਹਕੂਮਤ ਇਹ ਚਾਹੁੰਦੀ ਸੀ ਕਿ ਹਰ ਪਾਸੇ ਉਹਨਾਂ ਦੇ ਧਰਮ ਦਾ ਹੀ ਬੋਲਬਾਲਾ ਹੋਵੇ । ਧਰਮ ਦਾ ਚੋਲਾ ਪਹਿਨ ਕੇ ਹਕੂਮਤ ਪ੍ਰਜਾ ਤੇ ਅੰਨ੍ਹਾ ਤਸ਼ੱਦਦ ਕਰਦੀ, ਇਥੋਂ ਤੱਕ ਕਿ ਧਰਮ ਦੀ ਆੜ ਵਿੱਚ ਉਹਨਾਂ ਦੀਆਂ ਧੀਆਂ-ਭੈਣਾਂ ਦੀ ਡੋਲੇ ਆਪਣੇ ਮਹਿਲਾਂ ਵਿੱਚ ਉਤਾਰ ਲੈਂਦੀ ।

'ਘਰਿ ਘਰਿ ਮੀਆਂ ਸਭਨਾਂ ਜੀਆ, ਬੋਲੀ ਅਵਰਿ ਤਮਾਰੀ ।'[2]

'ਨੀਲ ਬਸਤ੍ਰ ਲੇ ਕਪੜੇ ਪਹਰੇ, ਤੁਰਕ ਪਠਾਣੀ ਅਮਲ ਕੀਆ ।'[3]

ਮੁਸਲਮਾਨ ਜਾਤੀ ਗ਼ੈਰ-ਮੁਸਲਿਮ ਸਮੂਹਾਂ ਉੱਤੇ ਤਾਂ ਅੱਤਿਆਚਾਰ ਕਰਦੀ ਹੀ ਸੀ ਪਰੰਤੂ ਨਾਲ ਹੀ ਕਿਸੇ ਦਾ ਉਹਨਾਂ ਦੇ ਸ਼ੁਭ ਚਿੰਤਕ ਹੋਣਾ ਵੀ ਉਹਨਾਂ ਨੂੰ ਪ੍ਰਵਾਨ ਨਹੀਂ ਸੀ। ਐਸੇ ਮਾਹੌਲ ਵਿੱਚ ਚੜ੍ਹਦੀ ਕਲਾ ਅਤੇ ਸਰਬਤ ਦੇ ਭਲੇ ਦਾ ਨਾਅਰਾ ਮੁਸਲਿਮ ਕੌਮ ਲਈ ਅਸਹਿਣ ਯੋਗ ਤੀਰ ਵਾਂਗ ਚੁੱਭ ਰਿਹਾ ਸੀ।ਸਿੱਖ ਕੌਮ ਦੇ ਬੁਲੰਦ ਸਿਧਾਂਤਾਂ ਕਾਰਨ ਸਿੱਖ ਕੌਮ ਮੁਸਲਿਮ ਧਰਮ ਦੀਆਂ ਅੱਖਾਂ ਵਿੱਚ ਰੜਕ ਰਹੀ ਸੀ ਭਾਵੇਂ ਕਿ ਸਿੱਖ, ਮੁਸਲਮਾਨਾਂ ਦੇ ਸਿੱਧੇ ਦੁਸ਼ਮਣ ਨਹੀਂ ਸਨ ਪਰੰਤੂ ਹਿੰਦੂ ਧਰਮ ਦੀ ਰਾਖੀ ਅਤੇ ਮੁਗ਼ਲ ਰਾਜਨੀਤੀ ਦੇ ਧਰਮ ਅਧਾਰਿਤ ਗ਼ੈਰ-ਮੁਸਲਿਮ ਪ੍ਰਜਾ ਉੱਤੇ ਕੀਤੇ ਜਾਂਦੇ ਜ਼ਬਰ-ਜ਼ੁਲਮ ਦਾ ਵਿਰੋਧ ਕਰਨ ਕਾਰਨ ਸਮੂਹ ਸਿੱਖ ਕੌਮ ਮੁਸਲਿਮ ਰਾਜਨੀਤੀ ਲਈ ਕਿਸੇ ਵੰਗਾਰ ਤੋਂ ਘੱਟ ਨਹੀਂ ਸੀ।

ਦੂਜੇ ਪਾਸੇ ਗੁਰੂ ਨਾਨਕ ਦੇਵ ਜੀ ਦੇ ਰਾਹ 'ਤੇ ਚਲਦੀ ਸਿੱਖ ਕੌਮ ਇਸ ਪ੍ਰਕਾਰ ਦੇ ਜਬਰ-ਜ਼ੁਲਮ ਦਾ ਵਿਰੋਧ ਕਰਦੀ ਅਤੇ ਸਾਂਝੀਵਾਲਤਾ ਦਾ ਸੰਦੇਸ਼ ਦਿੰਦੀ । ਗੁਰੂ ਅਰਜਨ ਦੇਵ ਜੀ ਨੇ ਸਾਂਝਾ ਧਰਮ-ਮੰਦਰ ਹਰਿਮੰਦਰ ਤੇ ਸਾਂਝਾ ਧਰਮ-ਗ੍ਰੰਥ ਗੁਰੂ ਗ੍ਰੰਥ ਸਾਹਿਬ ਬਣਾ ਕੇ ਇਸ ਸਿਧਾਂਤ ਨੂੰ ਲਹਿਰ ਦੇ ਰੂਪ ਵਿੱਚ ਪ੍ਰਚਲਿੱਤ ਕਰਕੇ, ਸੁਤੰਤਰ ਧਰਮ ਦਾ ਆਰੰਭ ਕਰ ਦਿੱਤਾ ਅਤੇ ਥਾਂ-ਥਾਂ 'ਤੇ ਇਸ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ।

ਨਾ ਹਮ ਹਿੰਦੂ ਨਾ ਮੁਸਲਮਾਨ॥

ਅਲਹ ਰਾਮ ਕੇ ਪਿੰਡੁ ਪਰਾਨ ॥[4]

ਸਿੱਖੀ ਦਾ ਇਹ ਸਾਂਝੀਵਾਲਤਾ ਦਾ ਸਿਧਾਂਤ ਅਕਬਰ ਬਾਦਸ਼ਾਹ ਤੱਕ ਤਾਂ ਕਬੂਲ ਰਿਹਾ, ਪ੍ਰੰਤੂ ਆਉਣ ਵਾਲੀ ਮੁਸਲਿਮ ਹਕੂਮਤ ਨੂੰ ਇਹ ਹਰਗਿਜ਼ ਬਰਦਾਸ਼ਤ ਨਹੀਂ ਸੀ । ਜਿਸ ਦਾ ਸਿੱਟਾ ਇਹ ਨਿਕਲਿਆ ਕਿ ਸ਼ਾਂਤੀ ਤੇ ਪੁੰਜ ਸ਼੍ਰੀ ਗੁਰੂ ਅਰਜਨ ਦੇਵ ਜੀ ਨੂੰ ਹਕੂਮਤ ਨੇ ਸ਼ਹੀਦ ਕਰਨ ਦਾ ਫਤਵਾ ਜਾਰੀ ਕਰ ਦਿੱਤਾ ।

ਜਦੋਂ 16ਵੀਂ ਸਦੀ ਦੇ ਆਰੰਭ ਨਾਲ ਸਿੱਖੀ ਇਉਂ ਦੁਸ਼ਮਣਾਂ ਦੇ ਸੀਨਿਆਂ ਵਿੱਚ ਰੜਕਣ ਲੱਗ ਪਈ ਤਾਂ ਸਮੇਂ ਦੀ ਲੋੜ ਨੂੰ ਮੁੱਖ ਰੱਖ ਕੇ ਗੁਰੂ ਹਰਗੋਬਿੰਦ ਜੀ ਛੇਵੇਂ ਪਾਤਸ਼ਾਹ ਨੇ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ ਇਸ ਦਾ ਭਾਵ ਇਹ ਸੀ ਕਿ ਅਸੀਂ ਪੀਰੀ ਧਰਮ ਨੂੰ ਤਿਆਗਿਆ ਨਹੀਂ, ਸਗੋਂ ਇਸ ਦੀ ਸੁਰੱਖਿਆ ਲਈ ਨਾਲ ਮੀਰੀ ਭਾਵ ਰਾਜਨੀਤਿਕ ਸੱਤਾ ਵੀ ਧਾਰ ਲਈ ਹੈ। ਛੱਪਰੀਆਂ ਦੀ ਥਾਂ ਛਾਉਣੀਆਂ ਬਣੀਆਂ, ਮਾਲਾ ਦੇ ਨਾਲ ਤੇਗਾਂ ਲਿਸ਼ਕੀਆਂ, ਵਾਰਾਂ ਦੀਆਂ ਗੁੰਜਾਇਰਾਂ ਪਈਆਂ, ਸੰਤ-ਸਿਪਾਹੀ ਰੋਹ ਵਿੱਚ ਆਏ, ਨਿੱਕੇ ਮੋਟੇ ਜੰਗ ਹੋਏ ਤੇ ਸਿੱਖ ਲਹਿਰ ਨੇ ਇੱਕ ਨਵਾਂ ਤਜ਼ਰਬਾ ਕੀਤਾ ਕਿ ਜ਼ਬਰ ਨਾਲ ਇਉਂ ਵੀ ਸਿੰਜਿਆ ਜਾ ਸਕਦਾ ਹੈ।

ਔਰੰਗਜ਼ੇਬ 1658 ਈਸਵੀ ਵਿੱਚ ਆਪਣੇ ਪਿਤਾ ਨੂੰ ਕੈਦ ਕਰਕੇ ਅਤੇ ਭਰਾਵਾਂ ਨੂੰ ਮਰਵਾ ਕੇ ਰਾਜ ਗੱਦੀ ਉੱਤੇ ਬੈਠਾ।ਸਮੇਂ ਦਾ ਇਹ ਹੁਕਮਰਾਨ ਅਜਿਹਾ ਕੱਟੜ ਬਾਦਸ਼ਾਹ ਇਹ ਕਿਵੇਂ ਬਰਦਾਸ਼ਤ ਕਰ ਸਕਦਾ ਸੀ ਕਿ ਪੰਜਾਬ ਵਿੱਚ ਧਾਰਮਿਕ ਅਤੇ ਰਾਜਸੀ ਆਜ਼ਾਦੀ ਦੀ ਲਹਿਰ ਸਿਰ ਉਠਾਵੇ ਤੇ ਗ਼ੈਰ-ਮੁਸਲਿਮ ਸੁਤੰਤਰ ਵਿੱਚਰ ਸਕਣ। ਉਸਦੇ ਹਕੂਮਤ ਵਿੱਚ ਆਉਂਦਿਆਂ ਹੀ ਆਪਣੀ ਧਾਰਮਿਕ ਕੱਟੜਤਾਈ ਅਤੇ ਜਬਰ-ਜ਼ੁਲਮ ਇਨਾ ਵੱਧ ਗਿਆ ਕਿ ਸਭ ਤੋਂ ਪਹਿਲਾਂ ਹਿੰਦੂਆਂ ਦੇ ਮੰਦਰ, ਪਾਠਸ਼ਾਲਾ, ਰਸਮ-ਰੀਤੀ ਅਤੇ ਬਾਹਰੀ-ਚਿੰਨ੍ਹ ਪੂਰੀ ਹਿੰਦੂ ਸੰਸਕ੍ਰਿਤੀ ਉਸਦੀ ਕਰੋਪੀ ਦਾ ਸ਼ਿਕਾਰ ਹੋ ਗਈ।

ਸਮਕਾਲੀ ਧਾਰਮਿਕ ਅਤੇ ਸਮਾਜਿਕ ਅਵਸਥਾ ਦਾ ਬਿਆਨ ਹਰਚਰਨ ਸਿੰਘ ਦੇ ਨਾਟਕ ਵਿੱਚ ਬਾਖੂਬੀ ਪੇਸ਼ ਕੀਤਾ ਗਿਆ ਹੈ ਜਿਸ ਦੇ ਲਈ ਉਹਨਾਂ ਨੇ ਮੌਲਵੀ ਅਤੇ ਕਾਜ਼ੀ ਵਰਗੇ ਪਾਤਰ ਖੜੇ ਕਰਕੇ ਅਤੇ ਫ਼ਕੀਰ ਅਤੇ ਹੋਰ ਮਹੱਤਵਪੂਰਨ ਪਾਤਰਾਂ ਦੇ ਨਾਲ ਵਾਰਤਾਲਾਪ ਉਲੀਕ ਕੇ ਇਸ ਬਿਆਨ ਨੂੰ ਤੱਥ ਭਰਪੂਰ ਪੇਸ਼ ਕੀਤਾ ਹੈ ।

ਫ਼ਕੀਰ – ਨਹੀਂ । ਚੌਧਰੀ ਰੁਲਦੂ ਰਾਮ ਵੱਲ ਵੇਖੋ । ਕਿੱਦਾਂ ਸਹਿਮਿਆ ਖੜਾ ਹੈ । ਉਬਾਸਰਦਾ ਤੱਕ ਨਹੀਂ ।

ਮੌਲਾਨਾ – ਇਸਲਾਮੀ ਹਕੂਮਤ ਵਿੱਚ ਇਹ ਲੋਕ ਜਿਮੀ ਨੇ, ਘਟੀਆ ਦਰਜੇ ਦੀ ਪਰਜਾ ।

ਫ਼ਕੀਰ – ਕਿਉਂ ਇਹ ਉਸੇ ਖ਼ੁਦਾ ਦੇ ਪੈਦਾ ਕੀਤੇ ਹੋਏ ਨਹੀਂ । ਇਨਸਾਨ ਸਭ ਇੱਕ ਬਰਾਬਰ ਹਨ ।

ਮੌਲਾਨਾ –ਬਜ਼ੁਰਗਾ, ਤੂੰ ਸ਼ਰ੍ਹਾ ਦੇ ਖਿਲਾਫ਼ ਬੋਲ ਰਿਹਾਂ । (ਪੰਨਾ ਨੰ:20-21)


© Copyright @ Authors

ਦੂਜੇ ਪਾਸੇ ਗੁਰੂਆਂ ਦੀ ਬਖ਼ਸ਼ਿਸ਼ ਨਾਲ ਸਿੱਖਾਂ ਦੀ ਇੱਕ ਵੱਖਰੀ ਕੌਮ ਉਸਾਰ ਚੁੱਕੀ ਸੀ। ਸਿੱਖ, ਅਸੂਲਾਂ ਲਈ ਕੁਰਬਾਨ ਹੋਣ ਵਾਲੇ ਅਤੇ ਜ਼ਬਰ ਤੇ ਜ਼ੁਲਮ ਦੇ ਖਿਲਾਫ਼ ਖੜੇ ਹੋਣ ਵਾਲੇ ਯੁਗ ਪੁਰਸ਼ ਤੇ ਰੂਪ ਵਿੱਚ ਦਿਖਾਈ ਦੇਣ ਲੱਗੇ ਸਨ।

ਪਗਲੀ: ਵੇ ਮੌਲਵੀ, ਸਿੱਖ ਦੀ ਕੀ ਨਿਸ਼ਾਨੀ ਹੁੰਦੀ ਏ?

ਮੌਲਾਨਾ: ਤੂੰ ਹੀ ਦੱਸ, ਤੂੰ ਜ਼ਿਆਦਾ ਜਾਣਦੀ ਏਂ।

ਪਗਲੀ: ਫੇਰ ਸੁਣ! ਸਿੱਖ ਉਹ ਹੁੰਦਾ, ਜਿਹੜਾ ਸੱਚ ਖਾਤਰ ਜਾਨ ਕੁਰਬਾਨ ਕਰ ਦੇਵੇ। ਜਿਹੜਾ ਹਰ ਜੀਵ ਵਿੱਚੋਂ ਰੱਬ ਦਾ ਨੂਰ ਦੇਖੇ। ਮੁੱਲਾਂ, ਕੁਝ ਆਈ ਸਮਝ। (ਪੰਨਾ ਨੰ. 52)

ਔਰੰਗਜ਼ੇਬ ਹਕੂਮਤ ਦੇ ਹੰਕਾਰ ਵਿੱਚ ਗ੍ਰਸਿਆ ਹੋਇਆ ਸਾਰੇ ਧਰਮਾਂ ਤੇ ਕੌਮਾਂ ਨੂੰ ਖਾਰਜ ਕਰਕੇ ਮੁਸਲਮਾਨ ਧਰਮ ਦਾ ਝੰਡਾ ਬੁਲੰਦ ਕਰਨਾ ਚਾਹੁੰਦਾ ਸੀ। ਇਸ ਮੌਕੇ ਗੁਰੂ ਤੇਗ਼ ਬਹਾਦਰ ਆਜ਼ਾਦੀ ਦੀ ਲਹਿਰ ਦੇ ਨੇਤਾ ਬਣੇ। ਉਹਨਾਂ ਸਾਰੇ ਹਿੰਦੁਸਤਾਨ ਵਿੱਚ ਇੱਕੋ ਹੋਕਾ ਦਿੱਤਾ ਕਿ ਜੋ ਦਬੇਲ ਬਣਦਾ ਹੈ, ਉਹ ਕਾਇਰ ਹੈ, ਜੋ ਦੂਜੇ ਨੂੰ ਭੈਭੀਤ ਕਰਕੇ ਦਬੇਲ ਬਣਾਉਂਦਾ ਹੈ, ਉਹ ਜ਼ਾਲਮ ਹੈ। ਅਸਲ ਸੋਝੀਵਾਨ ਸਾਊ ਮਨੁੱਖ ਉਹ ਹੈ, ਜੋ ਭੈ-ਰਹਿਤ ਜੀਵਨ ਬਿਤਾਉਂਦਾ ਤੇ ਦੂਜਿਆਂ ਨੂੰ ਅਜਿਹੇ ਜੀਵਨ ਦਾ ਹੱਕ ਦਿੰਦਾ ਹੈ।

ਭੈ ਕਾਹੂ ਕੋ ਦੇਤ ਨਹਿੰ, ਨਹਿੰ ਭੈ ਮਾਨਤ ਆਨ।

ਕਹੁ ਨਾਨਕ ਸੁਨ ਰੇ ਮਨਾ, ਗਿਆਨੀ ਤਾਹਿ ਬਖਾਨ।[5]

ਉਹਨਾਂ ਸੁਤੰਤਰ ਮਨੁੱਖ ਦਾ ਸੰਕਲਪ ਹੀ ਇਹ ਰੱਖਿਆ ਜੋ ਦੁੱਖ-ਸੁੱਖ, ਮਾਨ-ਅਪਮਾਨ, ਖੁਸ਼ੀ-ਗ਼ਮੀ, ਨਿੰਦਾ-ਉਸਤਤ ਤੇ ਗਰੀਬੀ-ਅਮੀਰੀ ਤੋਂ ਉੱਪਰ ਉੱਠ ਕੇ ਸਮ-ਦ੍ਰਿਸ਼ਟਾ ਬਣੇ ਨਿਰਭੈਤਾ ਤੇ ਦ੍ਰਿੜਤਾ ਨਾਲ ਅਚੱਲ, ਅਡੋਲ ਹੋ ਕੇ ਆਪਣੇ ਉੱਚੇ-ਸੁੱਚੇ ਆਦਰਸ਼ ਵੱਲ ਵੱਧਦਾ ਜਾਵੇ।

ਇਸ ਕਿਸਮ ਦੇ ਵਿਚਾਰ ਉਨ੍ਹਾਂ ਪੰਜਾਬ ਵਿੱਚ ਹੀ ਨਹੀਂ ਪਰਚਾਰੇ ਸਗੋਂ ਪੰਜਾਬ ਤੋਂ ਬਾਹਰ ਜਾ ਕੇ ਬੰਗਾਲ, ਅਸਾਮ ਤੱਕ ਵੀ ਇਹ ਨਿਰਭੈਤਾ ਅਤੇ ਸੁਤੰਤਰਤਾ ਦੀ ਜੀਵਨ-ਜਾਂਚ ਦਾ ਸੰਕਲਪ ਸਮਝਾਇਆ, ਜਿਸ ਦਾ ਹਿੰਦੁਸਤਾਨ ਦੀ ਲੋਕਾਈ 'ਤੇ ਡੂੰਘਾ ਅਸਰ ਪਿਆ। ਔਰੰਗਜ਼ੇਬ ਬਾਦਸ਼ਾਹ ਬਹੁਤ ਘਬਰਾਇਆ, ਉਹ ਤਾਂ ਸਾਰੀ ਹਿੰਦ-ਵੈਣ ਨੂੰ ਇੱਕੋ ਚੱਕਰ ਵਿੱਚ ਮੁਸਲਮਾਨ ਅਮਾਨ ਬਣਾ ਲੈਣਾ ਚਾਹੁੰਦਾ ਸੀ। ਉਸਨੇ ਆਪਣੀ ਕਰੂਰ ਮਾਨਸਿਕਤਾ ਨੂੰ ਤ੍ਰਿਪਤ ਕਰਨ ਲਈ ਹਿੰਦੂ ਲੋਕਾਈ 'ਤੇ ਕਈ ਤਰ੍ਹਾਂ ਦੇ ਅੱਤਿਆਚਾਰ ਕਰਨੇ ਸ਼ੁਰੂ ਕਰ ਦਿੱਤੇ। ਇਸ ਤੋਂ ਭੈਭੀਤ ਹੋ ਕੇ ਆਮ ਹਿੰਦੂ, ਬ੍ਰਾਹਮਣਾਂ ਪਾਸ ਪਹੁੰਚੇ ਤੇ ਦੇਸ਼ ਭਰ ਦੇ ਮੁਖੀ ਬ੍ਰਾਹਮਣ ਇਕੱਤਰ ਹੋ ਕੇ ਅਨੰਦਪੁਰ ਸਾਹਿਬ ਗੁਰੂ ਤੇਗ਼ ਬਹਾਦਰ ਜੀ ਦੀ ਸ਼ਰਨ ਵਿੱਚ ਆਏ। ਸਤਿਗੁਰਾਂ ਉਹਨਾਂ ਨੂੰ ਦ੍ਰਿੜਤਾ ਦਾ ਪਾਠ ਪੜ੍ਹਾਇਆ ਤੇ ਕੁਰਬਾਨੀ ਦਾ ਰਸਤਾ ਦਿਖਾਇਆ।

ਸਾਧੋ ਇਹੁ ਤਨੁ ਮਿਥਿਆ ਜਾਨਉ ॥

ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ ॥੧॥ ਰਹਾਉ ॥[6]

ਔਰੰਗਜ਼ੇਬ ਨੇ ਗੁਰੂ ਸਾਹਿਬ ਦੀ ਸਰਗਰਮੀ ਦੇਖ ਕੇ ਫੌਰਨ ਉਨਾਂ ਦੀ ਗ੍ਰਿਫਤਾਰੀ ਦੇ ਹੁਕਮ ਜਾਰੀ ਕਰ ਦਿੱਤੇ ਤੇ ਉਨਾਂ ਨੂੰ ਦਿੱਲੀ ਚਾਂਦਨੀ ਚੌਂਕ ਵਿੱਚ ਬਿਠਾ ਕੇ ਕਤਲ ਕਰਾ ਦਿੱਤਾ ਗਿਆ। ਸ਼ਹੀਦੀ ਤੋਂ ਪਹਿਲਾਂ ਉਹਨਾਂ ਸਾਹਮਣੇ ਤਿੰਨ ਗੱਲਾਂ ਰੱਖੀਆਂ ਗਈਆਂ।

੧. ਜੇ ਹਿੰਦੂਆਂ ਦੇ ਪੀਰ ਹੋ, ਤਾਂ ਕਰਾਮਾਤ ਦਿਖਾਓ ।

੨. ਜੇ ਇਹ ਨਹੀਂ ਕਰਨਾ, ਤਾਂ ਇਸਲਾਮ ਅਪਣਾਓ ।

੩. ਵਰਨਾ, ਤੀਜੀ ਸਜ਼ਾ ਮੌਤ ਕਬੂਲ ਕਰੋ।[7]

ਗੁਰੂ ਸਾਹਿਬ ਨੇ ਕਿਹਾ ਸਾਡੀ ਮੱਤ ਵਿੱਚ ਰੱਬੀ ਹੁਕਮ ਦੇ ਸਨਮੁਖ ਕਰਾਮਾਤ ਦਿਖਾਉਣਾ ਕਹਿਰ ਕਮਾਉਣਾ ਹੈ। ਅਸੀਂ ਨਾ ਤਿਲਕ ਦੇ ਮੁਦਈ ਹਾਂ ਤੇ ਨਾ ਜੰਜੂ ਦੇ। ਪਰ ਮਜ਼ਲੂਮ ਲੋਕਾਂ ਦੀ ਬਾਂਹ ਫੜਨਾ ਜਾਂ ਉਹਨਾਂ ਨਾਲ ਹਮਦਰਦੀ ਕਰਨਾ ਸਾਡਾ ਪਹਿਲਾ ਫਰਜ਼ ਹੈ। ਇਹੋ ਸਿਧਾਂਤ 'ਸਰਬਤ ਦਾ ਭਲਾ' ਸਾਡਾ ਧਰਮ ਹੈ ਤੇ ਇਸ ਧਰਮ ਲਈ ਅਸੀਂ ਕੋਈ ਵੀ ਕੁਰਬਾਨੀ ਕਰਨੋ ਨਹੀਂ ਹਿਚਕਚਾਉਂਦੇ। ਸੋ ਗੁਰੂ ਸਾਹਿਬਾਨ ਨੇ ਮੌਤ ਨੂੰ ਖੁਸ਼ੀ-ਖੁਸ਼ੀ ਪ੍ਰਵਾਨ ਕੀਤਾ।

ਡਾ. ਹਰਚਰਨ ਸਿੰਘ ਨੇ ਆਪਣੇ ਨਾਟਕ 'ਹਿੰਦ ਦੀ ਚਾਦਰ' ਰਾਹੀਂ ਗੁਰੂ ਸਾਹਿਬ ਦੀ ਸ਼ਹਾਦਤ ਦੇ ਦ੍ਰਿਸ਼ ਨੂੰ ਬਹੁਤ ਹੀ ਭਾਵ-ਪੂਰਤ ਪ੍ਰੰਤੂ ਤੱਥ ਭਰਪੂਰ ਵੇਰਵਿਆਂ ਨਾਲ ਵਿਅਕਤ ਤੇ ਦ੍ਰਿਸ਼ਟਮਾਨ ਕੀਤਾ ਹੈ। ਨਾਟਕ ਤੇ ਪਾਤਰਾਂ ਸੂਫ਼ੀ ਫ਼ਕੀਰ (ਜੋ ਔਰੰਗਜ਼ੇਬ ਦੀ ਫ਼ਿਰਕੂ ਹਕੂਮਤ ਵਿਰੁੱਧ ਆਵਾਜ਼ ਦਾ ਪ੍ਰਤੀਕ), ਔਰਤ (ਮਨੁੱਖਤਾ ਉੱਪਰ ਹੋ ਰਹੇ ਅਸਹਿ ਜ਼ੁਲਮ ਦੇ ਸਾਹਮਣੇ ਬੇਬਸ ਲੋਕਾਈ ਦੀ ਬੇਬਾਕ ਭਾਵੁਕਤਾ ਦਾ ਪ੍ਰਤੀਕ ਹੈ), ਚੌਦਾਂ ਸਾਲਾ ਬੱਚੇ, ਗੁਰੂ ਜੀ ਦੇ ਸਿੱਖਾਂ ਅਤੇ ਗੁਰੂ ਜੀ ਨੂੰ ਪਿਆਰ ਕਰਨ ਵਾਲੇ ਹਿੰਦੂ, ਮੁਸਲਿਮ ਪਾਤਰਾਂ ਰਾਹੀਂ ਨਾਟਕਕਾਰ ਨੇ ਗੁਰੂ ਸਾਹਿਬ ਦੀ ਕੁਰਬਾਨੀ ਨੂੰ ਸ਼ਰਧਾਂਜਲੀ ਦਿੱਤੀ ਹੈ।

ਸੂਫ਼ੀ ਫ਼ਕੀਰ: ਯਾ ਅੱਲ੍ਹਾ! ਇਸ ਮੁਲਕ ਦਾ ਕਿਆ ਬਣੇਗਾ!

ਸਹਾਇਕ : ਦਾਦਾ, ਤੂੰ ਐਡਾ ਲੰਮਾ ਹਉਕਾ ਕਿਉਂ ਲਿਆ?


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਫ਼ਕੀਰ : ਜਿੱਥੇ ਪੀਰਾਂ- ਫ਼ਕੀਰਾਂ ਨੂੰ ਸੱਚ ਬੋਲਣ ਪਿੱਛੇ ਕਤਲ ਕੀਤਾ ਜਾਵੇ ਉੱਥੇ ਜੀਣ ਦਾ ਕੀ ਹੱਜ ਹੈ? (ਪੰਨਾ ਨੰ:20)

ਕਿਰਪਾ: ਅਸੀਂ ਕਦੇ ਸੋਚਿਆ ਵੀ ਨਹੀਂ ਸੀ ਕਿ ਆਲਮਗੀਰ ਭਾਰਤ ਦੀ ਸਭ ਤੋਂ ਮਹਾਨ ਹਸਤੀ ਨੂੰ ਨੁਕਸਾਨ ਪਹੁੰਚਾਉਣ ਦੀ ਜੁਰੱਅਤ ਕਰੇਗਾ। (ਪੰਨਾ ਨੰ: 41)

ਪਗਲੀ: ਵੇ ਲੋਕੋ! ਉਹ ਦੇਖੋ, ਕਾਜ਼ੀ ਕਹਿਰ ਕਮਾਣ ਆ ਵੜਿਆ ਹੈ। ਇਹ ਵੱਢੀ ਲੈ ਲੈ ਆਫਰਿਆ ਹੋਇਆ, ਭਰਿਸ਼ਟ ਗੁਨਾਹਗਾਰ ਹੈ। ਹਾਏ! ਇਹ ਚੰਦਰਾ ਜਲੱਦ ਕਿੱਦਾਂ ਤਲਵਾਰ ਸਵਾਰ ਰਿਹਾ। ਹੈਂਸਿਆਰਿਆ! ਇਹੋ ਤਲਵਾਰ ਕਲ ਨੂੰ ਤੇਰੀ ਗਰਦਨ ਤੇ ਫਿਰਨੀ ਏ। ਤੈਨੂੰ ਕਰਨੀ ਭਰਨੀ ਪੈਣੀ ਏ। (ਪੰਨਾ ਨੰ: 52)

ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਮੇਂ ਉਨਾਂ ਦੀ ਸਿੱਖਾਂ ਦੇ ਦਿਲਾਂ ਵਿੱਚ ਇੱਕ ਅਜੀਬ ਹਲਚਲ ਮੱਚੀ ਹੋਈ ਸੀ ਇੱਕ ਪਾਸੇ ਉਹ ਗੁਰੂ ਸਾਹਿਬ ਨੂੰ ਸ਼ਹੀਦੀ ਦੇਣ ਤੋਂ ਰੋਕਣਾ ਚਾਹੁੰਦੇ ਸਨ। ਜੋ ਕਿ ਗੁਰੂ ਜੀ ਦੀ ਮਰਜ਼ੀ ਤੋਂ ਬਿਨਾਂ ਸੰਭਵ ਨਹੀਂ ਸੀ। ਕਿਸੇ ਵੀ ਧਰਮ ਦੇ ਪੈਰੋਕਾਰਾਂ ਲਈ ਆਪਣੇ ਗੁਰੂ, ਪੀਰ ਦੀ ਸ਼ਹਾਦਤ ਜਾਂ ਕੁਰਬਾਨੀ ਨੂੰ ਅੱਖੀ ਦੇਖਣਾ ਬਹੁਤ ਔਖਾ ਹੁੰਦਾ ਹੈ।

ਜੈਤਾ : (ਝਾੜੂ ਦਿੰਦਾ ਹੋਇਆ ਰੁਕ ਕੇ) ਚੌਹੀਂ ਪਾਸੀ ਰੱਬੀ ਏਕਤਾ ਤੇ ਵਡੱਤਣ ਦੀ ਆਵਾਜ਼ ਗੂੰਜ ਰਹੀ ਹੈ। ਫੇਰ ਵੀ ਮਨੁੱਖ ਦਰਵੇਸ਼ ਉੱਤੇ ਕਹਿਰ ਢੌਣੋਂ ਨਹੀਂ ਡਰਦਾ। ਕੀ ਇਨਸਾਨ ਵਿੱਚੋਂ ਪਸ਼ੂ ਬਿਰਤੀ ਖਾਰਜ ਕਰਨ ਲਈ ਕੁਰਬਾਨੀ ਲਾਜ਼ਮੀ ਹੈ? ਹੈਂ! ...
(ਪੰਨਾ ਨੰ:24)

ਗੁਰੂ ਸਾਹਿਬ ਦਾ ਕੁਰਬਾਨੀ ਦੇਣ ਦਾ ਮਨੋਰਥ ਸਮੂਹ ਹਿੰਦ ਰਈਅਤ ਦੇ ਮਨਾਂ ਵਿੱਚ ਨਿਰਭੈਤਾ ਪੈਦਾ ਕਰਨਾ ਸੀ।ਕਿਸੇ ਦੇ ਅਧੀਨ ਗ਼ੁਲਾਮ ਜਾਂ ਆਪਣੇ ਧਰਮ ਨੂੰ ਡਰ ਨਾਲ ਛੱਡ ਕੇ ਜਿਉਣ ਨਾਲੋਂ ਸ਼ਹਾਦਤ ਦਾ ਜਾਮ ਪੀਣਾ ਵਧੇਰੇ ਚੰਗਾ ਹੈ, ਅਜਿਹੀਆਂ ਸ਼ਹਾਦਤਾਂ ਤੇ ਕੁਰਬਾਨੀਆਂ ਨਾਲ ਕੇਵਲ ਵਿਅਕਤੀਗਤ ਮੌਤ ਹੁੰਦੀ ਹੈ ਜਦਕਿ ਉਸ ਕੌਮ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਹਮੇਸ਼ਾ ਗੌਰਵਮਈ ਇਤਿਹਾਸ ਨੂੰ ਨਾਲ ਲੈ ਕੇ ਅਣਖ ਨਾਲ ਜਿਉਂਦੀਆਂ ਹਨ।

ਨਾਟਕ ਵਿੱਚ ਗੁਰੂ ਤੇਗ ਬਹਾਦਰ ਜੀ ਜਿਸ ਕੋਤਵਾਲੀ ਵਿੱਚ ਕੈਦ ਹਨ, ਉਥੋਂ ਆਵਾਜ਼ ਰਾਹੀਂ ਗੁਰਬਾਣੀ ਦੇ ਬੋਲ ਉਚਾਰੇ ਗਏ ਹਨ ਅਤੇ ਗੁਰੂ ਸਾਹਿਬ ਦੇ ਅਡੋਲ ਮਨ ਦੀ ਅਵਸਥਾ ਦਾ ਪ੍ਰਭਾਵ ਪਾਇਆ ਗਿਆ ਹੈ।

ਆਵਾਜ਼ : (ਉੱਚੀ ਸੁਰ ਵਿੱਚ ਅਲਾਪ ਸੁਣਾਈ ਦਿੰਦਾ ਹੈ):

ਸੂਰਾ ਸੋ ਪਹਿਚਾਨੀਐ ਲਰੈ ਦੀਨ ਕੇ ਹੇਤ।

ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ। (ਪੰਨਾ ਨੰ:24)

ਗੁਰੂ ਜੀ ਦੇ ਨਾਲ ਸ਼ਹੀਦ ਹੋਣ ਵਾਲੇ ਗੁਰਸਿੱਖਾਂ ਨੂੰ ਨਾਟਕ ਵਿੱਚ ਜੈਤਾ ਅਤੇ ਮਾਸ਼ਕੀ ਦੀ ਵਾਰਤਾਲਾਪ ਰਾਹੀਂ ਸਪਸ਼ਟ ਕੀਤਾ ਗਿਆ ਹੈ। ਜੈਤਾ, ਮਾਸ਼ਕੀ ਨੂੰ ਦਸਦਾ ਹੈ ਕਿ ਅਜਿਹਾ ਜ਼ੋਰ-ਜ਼ੁਲਮ ਹਿੰਦ ਵਿੱਚ ਕਦੇ ਨਹੀਂ ਹੋਇਆ।ਗੁਰੂ ਜੀ ਦੇ ਦੀਵਾਨ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰਿਆ ਗਿਆ, ਭਾਈ ਦਿਆਲਾ ਜੀ ਨੂੰ ਉਬਲਦੀ ਦੇਗ ਵਿੱਚ ਬਿਠਾਇਆ ਗਿਆ ਅਤੇ ਭਾਈ ਸਤੀ ਦਾਸ ਜੀ ਨੂੰ ਰੂੰ ਵਿੱਚ ਲਪੇਟ ਕੇ ਜਿਉਂਦਿਆਂ ਸਾੜਿਆ ਗਿਆ।ਗੁਰੂ ਦੇ ਪਿਆਰੇ ਅਜਿਹੇ ਅਸਹਿ ਤਸੀਹੇ ਝਲਦੇ ਹੋਏ ਵੀ ਸ਼ਾਂਤ ਚਿੱਤ ਗੁਰੂ ਦੀ ਬਾਣੀ ਉਚਾਰ ਰਹੇ ਸਨ।

ਜੈਤਾ: ਗੁਰੂ ਜੀ ਦਾ ਦੀਵਾਨ ਭਾਈ ਮਤੀ ਦਾਸ। ਇਸ ਜਗ੍ਹਾ ਮੋਛੇ ਵਾਂਗ ਦੋ ਮੁੱਢਾਂ ਵਿੱਚ ਜਕੜਿਆ ਹੋਇਆ ਸੀ। ਆਰਾ ਚੱਲਣ ਵਾਲਾ ਸੀ। ਪਤਾ ਉਹ ਕੀ ਗਾ ਰਿਹਾ ਸੀ?

ਮਾਸ਼ਕੀ: ਕਿਆ ਗਾ ਰਿਹਾ ਸੀ?

ਜੈਤਾ: ਆਰਾ ਪਿਆਰਾ ਲਗਤ ਹੈ
ਕਾਰਾ ਕਰੋ ਬਨਾਏ।
ਸਿਰ ਜਾਏ ਤੇ ਜਾਏ
ਮੇਰਾ ਸਿੱਖੀ ਸਿਦਕ ਨ ਜਾਏ।' (ਪੰਨਾ ਨੰ. 28)

ਅਜਿਹਾ ਜਬਰ ਔਰੰਗਜ਼ੇਬ ਨੇ ਲੁਕਾਈ ਦੇ ਸਾਹਮਣੇ ਕੀਤਾ ਤਾਂ ਜੋ ਉਹਨਾਂ ਵਿੱਚ ਡਰ ਤੇ ਭੈ ਦਾ ਮਾਹੌਲ ਪੈਦਾ ਕੀਤਾ ਜਾ ਸਕੇ। ਨਾਟਕ ਦੀ ਤੀਜੀ ਅਤੇ ਚੌਥੀ ਚਾਕੀ ਵਿੱਚ ਸਿੱਖਾਂ ਦੁਆਰਾ ਗੁਰੂ ਤੇਗ ਬਹਾਦਰ ਜੀ ਨੂੰ ਮਿਲਣ ਲਈ ਕੀਤੇ ਗਏ ਪ੍ਰਯਤਨਾ ਦਾ ਜ਼ਿਕਰ ਹੈ ਤੇ ਉਹਨਾਂ ਨੂੰ ਮਿਲ ਕੇ ਉਹਨਾਂ ਨੂੰ ਸ਼ਹੀਦੀ ਦੇਣ ਤੋਂ ਰੋਕਣ ਦੇ ਯਤਨ ਕੀਤੇ ਗਏ ਹਨ ਜੋ ਕਿ ਨਿਫਲ ਹੁੰਦੇ ਹਨ। ਗੁਰੂ ਸਾਹਿਬ ਦਾ ਮੰਨਣਾ ਸੀ ਕਿ ਜੇ ਹਿੰਦੁਸਤਾਨ ਨੂੰ ਸੁਤੰਤਰਤਾ ਪ੍ਰਾਪਤੀ ਲਈ ਜੂਝਣ ਲਈ ਤਿਆਰ ਕਰਨਾ ਹੈ ਤਾਂ ਕੁਰਬਾਨੀਆਂ ਦਾ ਸਿਲਸਿਲਾ ਸ਼ੁਰੂ ਕਰਨਾ ਹੀ ਪਵੇਗਾ। ਉਨਾਂ ਦਾ ਮੰਨਣਾ ਸੀ ਕਿ ਮਹਾਨ ਆਤਮਾਵਾਂ ਦੀਆਂ ਕੁਰਬਾਨੀਆਂ ਸਾਰੀ ਸਰਬੱਤ ਲਈ ਪ੍ਰੇਰਨਾ ਦਾ ਸਰੋਤ ਹੋਣਗੀਆਂ। ਸੋ ਦਸਮ ਪਿਤਾ ਗੁਰੂ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਗੋਬਿੰਦ ਸਿੰਘ ਜੀ ਜੋ ਉਸ ਸਮੇਂ ਨੌ ਸਾਲ ਦੀ ਅਵਸਥਾ ਵਿੱਚ ਸਨ ਦੇ ਮੁੱਖੋਂ ਨਿਕਲੇ ਫੁਰਮਾਨ ਅਨੁਸਾਰ ਕਿ ਇਸ ਹਿੰਦ ਵਿੱਚ ਸਭ ਤੋਂ ਮਹਾਨ ਪਿਤਾ ਜੀ ਤੁਸੀਂ ਆਪ ਹੋ ਉਹਨਾਂ ਦੇ ਸ਼ਬਦਾਂ ਨੂੰ ਪੁਗਾਉਣ ਲਈ ਗੁਰੂ ਤੇਗ ਬਹਾਦਰ ਜੀ ਆਪ ਹੀ ਇਸ ਕੁਰਬਾਨੀ ਲਈ ਤਿਆਰ ਹੋਏ ਸਨ।

ਗੁਰੂ ਦੇ ਸਿੱਖ ਚਾਹੁੰਦੇ ਸਨ ਕਿ ਗੁਰੂ ਜੀ ਕੋਈ ਕਰਾਮਾਤ ਦਿਖਾ ਕੇ ਕੌਮ ਦੇ ਰਹਿਬਰ ਨੂੰ ਬਚਾ ਲੈਣ ਭਾਵ ਆਪਣੀ ਜਾਨ ਬਖਸ਼ੀ ਕਰ ਲੈਣ। ਪ੍ਰੰਤੂ ਗੁਰੂ ਤੇਗ ਬਹਾਦਰ ਜੀ ਦਾ ਅਤੁੱਟ ਵਿਸ਼ਵਾਸ ਸੀ ਕਿ ਇਸ ਕੁਰਬਾਨੀ ਤੋਂ ਬਾਅਦ ਇੱਕ ਵੱਖਰੀ ਕਿਸਮ ਦੀ ਕਰਾਮਾਤ ਹੋਵੇਗੀ ਇਹ ਕਰਾਮਾਤ ਜਿੰਦ-ਹੀਣ ਅਤੇ ਭੈਭੀਤ ਲੋਕਾਂ ਨੂੰ ਮੁਗਲਾਂ ਖਿਲਾਫ਼ ਲੜਨ ਲਈ ਤਿਆਰ ਬਰ ਤਿਆਰ ਕਰੇਗੀ।

ਕਿਰਪਾ : ਗੁਰੂ ਜੀ ਨੇ ਕਿਹਾ ਸਾਡਾ ਸਭ ਤੋਂ ਵੱਡਾ ਪਾਰਸ ਪਰਮਾਤਮਾ ਦਾ ਨਾਮ ਹੈ। ਕੱਲ੍ਹ ਜੋ ਭਾਈ ਮਤੀ ਦਾਸ, ਭਾਈ ਦਿਆਲਾ, ਭਾਈ ਸਤੀ ਦਾਸ ਨੇ ਕਰ ਵਿਖਾਇਆ, ਕੀ ਉਹ ਕਿਸੇ ਕਰਾਮਾਤ ਤੋਂ ਘੱਟ ਹੈ? (ਪੰਨਾ ਨੰ: 41)

ਝਾਕੀ ਛੇਵੀਂ ਦੇ ਅੰਤ ਵਿੱਚ ਗੁਰੂ ਸਾਹਿਬ ਨੂੰ ਕਤਲ ਕਰ ਦਿੱਤਾ ਜਾਂਦਾ ਹੈ। ਪਗਲੀ ਔਰਤ, ਸੂਫੀ ਫ਼ਕੀਰ ਅਤੇ ਲੋਕ ਹਾਹਾਕਾਰ ਕਰਦੇ ਹਨ ਅਤੇ ਕਾਜ਼ੀ ਤੇ ਹਕੂਮਤ ਨੂੰ ਬਦ-ਦੁਆਵਾਂ ਦਿੰਦੇ ਹੋਏ ਦੁਰਕਾਰਦੇ ਹਨ।

ਸੂਫੀ: (ਹੱਥ ਉੱਚੀ ਕਰਕੇ) ਯਾ ਅੱਲ੍ਹਾ, ਰਹਿਮ ਕਰ! ਸੱਚ ਦੇ ਸੂਰਜ ਨੂੰ ਕਤਲ ਕੀਤਾ ਜਾ ਰਿਹਾ ਹੈ।

ਪਗਲੀ: (ਉੱਚੀ ਚੀਕ) ਵੇ ਲੋਕੋ। ਭਾਣਾ ਵਰਤ ਗਿਆ।

ਇਕ ਦਮ ਸਨਾਟਾ ਛਾ ਜਾਂਦਾ ਹੈ। ਬਿਜਲੀ ਦੀ ਲਿਸ਼ਕ ਨਾਲ ਹਨੇਰੀ ਦੇ ਬੁਲ੍ਹੇ ਆਉਣੇ ਸ਼ੁਰੂ ਹੁੰਦੇ ਹਨ। ਲੋਕਾਂ ਵਿੱਚ ਹਾ ਹਾ ਕਾਰ ਮਚ ਜਾਂਦੀ ਹੈ ।

......

ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ

ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ।

(ਪੰਨਾ ਨੰ: 54)

ਗੁਰੂ ਸਾਹਿਬ ਦੀ ਸ਼ਹੀਦੀ ਦਾ ਕੌਤਕ ਉਨਾਂ ਦੀ ਕੁਰਬਾਨੀ ਤੋਂ ਬਾਅਦ ਪ੍ਰਗਟ ਹੁੰਦਾ ਹੈ ਜਦੋਂ ਆਮ ਲੋਕ ਹਕੂਮਤ ਤੋਂ ਡਰਨ ਦੀ ਬਜਾਇ ਉਸ ਨਾਲ ਸਿੱਧੀ ਟੱਕਰ ਲੈਣ ਲਈ ਤਿਆਰ ਹੋ ਜਾਂਦੇ ਹਨ। ਸੂਫੀ ਫ਼ਕੀਰ, ਔਰਤ(ਜੋ ਨਿਡਰਤਾ ਨਾਲ ਸੱਚ ਬੋਲਣ ਦੀ ਹਿੰਮਤ ਰਖਦੀ ਹੈ ਤਾਂ ਉਸਨੂੰ ਪਾਗਲ ਔਰਤ ਦਾ ਫ਼ਿਤਾਬ ਦਿੱਤਾ ਗਿਆ ਹੈ) ਅਤੇ ਇਥੋਂ ਤੱਕ ਕਿ 14 ਸਾਲ ਦਾ ਬਾਲਕ ਵੀ ਬੁਲੰਦ ਆਵਾਜ਼ ਵਿੱਚ ਕਾਜ਼ੀ ਨਾਲ ਬਹਿਸ ਕਰਦੇ ਹਨ।

ਸੂਫੀ: ... ਸਿੱਖਾਂ ਦੇ ਗੁਰੂ ਨੂੰ ਮੈਂ ਸ਼ਹੀਦੇ-ਆਜ਼ਮ ਮੰਨਦਾ ਹਾਂ, ਕਿਉਂਕਿ ਉਸਨੇ ਮਜ਼ਹਬੀ ਆਜ਼ਾਦੀ ਖ਼ਾਤਰ ਜਾਨ ਕੁਰਬਾਨੀ ਕੀਤੀ ਹੈ।

ਕਾਜ਼ੀ: ਇਸ ਗਲਤ ਬਿਆਨ ਦੀ ਪਤਾ ਕਿਆ ਸਜ਼ਾ ਮਿਲੇਗੀ?

ਸੂਫੀ: ਮੌਤ: ਗੁਰੂ ਦੀ ਮਹਾਨ ਸ਼ਹਾਦਤ ਪਿੱਛੋਂ ਮੇਰੇ ਰਹਿੰਦੇ ਖੂਹੰਦੇ ਡਰ ਵੀ ਚੁੱਕੇ ਗਏ। ਮੈਂ ਆਪਣੇ ਆਪ ਨੂੰ ਖੁਸ਼ਕਿਸਮਤ ਸਮਝਦਾ ਹਾਂ ਕਿ ਅੱਲ੍ਹਾ ਦੀ ਅਜ਼ੀਮ-ਉਲਸ਼ਾਨ ਹਸਤੀ ਦੇ ਦਰਸ਼ਨ ਕਰ ਸਕਿਆਂ। (ਪੰਨਾ ਨੰ: 68-69)

ਔਰਤ: ਜੇ ਮੈਂ ਤੁਹਾਡੇ ਮਤਲਬ ਲਈ ਝੂਠ ਬੋਲਦੀ ਤਾਂ ਹੁਣੇ ਬੋਲ ਸੁਨਹਿਰੀ ਅੱਖਰ ਬਣ ਜਾਣੇ ਸਨ। ਮੈਨੂੰ ਭਾਵੇਂ ਭਾਈ ਸਤੀ ਦਾਸ ਵਾਂਗ ਸਾੜ ਦਿਓ, ਝੂਠ ਮੈਂ ਫੇਰ ਵੀ ਨਹੀਂ ਬੋਲਾਂਗੀ। (ਪੰਨਾ ਨੰ: 75-76)

ਦਰਬਾਰ ਵਿੱਚ 14 ਸਾਲ ਦੇ ਸਿੱਖ ਲੜਕੇ ਨੂੰ ਕਾਜ਼ੀ ਦੇ ਇੱਟ ਮਾਰਨ ਦੇ ਜ਼ੁਰਮ ਵਿੱਚ ਪੇਸ਼ ਕੀਤਾ ਜਾਂਦਾ ਹੈ। ਜੋ ਬਹਾਦੁਰੀ ਨਾਲ ਇਸ ਗੱਲ ਦਾ ਇਕਬਾਲ ਕਰਦਾ ਹੈ ਕਿ ਉਸਨੇ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਬਦਲੇ ਕਾਜ਼ੀ ਨੂੰ ਇੱਟ ਮਾਰੀ ਸੀ।

ਕਾਜ਼ੀ: ਇਹ ਤੂੰ ਸਖ਼ਤ ਗ਼ਲਤ ਕੰਮ ਕੀਤਾ ਹੈ। ਇਸ ਦੀ ਸਜ਼ਾ ਪਤਾ ਕਿਆ ਹੈ?

ਲੜਕਾ: ਹਾਂ, ਮੌਤ!

...

ਕਾਜ਼ੀ: ਤੈਨੂੰ ਆਪਣੀ ਕਰਤੂਤ ਉੱਤੇ ਕੋਈ ਪਛਤਾਵਾ ਨਹੀਂ?

ਲੜਕਾ: ਨਹੀਂ, ਜੇ ਜੀਂਦਾ ਰਿਹਾ ਤਾਂ ਅਪਣਾ ਪਰਣ ਪੂਰਾ ਕਰਾਂਗਾ। (ਪੰਨਾ ਨੰ. 76-77)

....


© Copyright @ Authors

ਲੜਕਾ: (ਮਾਂ ਨੂੰ ਸੰਬੋਧਨ ਕਰਕੇ) ਜੇ ਤੂੰ ਉਸ ਦਿਨ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਦੇਖੀ ਹੁੰਦੀ ਤਾਂ ਅੱਜ ਵਾਸਤੇ ਪਾਉਣ ਦੀ ਥਾਂ ਖ਼ੁਦ ਸੂਲੀ ਚੁੰਮਦੀ। (ਪੰਨਾ ਨੰ. 78)

ਅੰਕ ਦੂਜਾ ਝਾਕੀ ਪਹਿਲੀ ਵਿੱਚ ਢੰਡੋਰਚੀ ਰਾਹੀਂ ਕਰਵਾਈ ਗਈ ਮੁਨਿਆਦੀ ਤੋਂ ਹਕੂਮਤ ਦੀ ਨੀਚਤਾਈ ਦਾ ਪਤਾ ਚੱਲਦਾ ਹੈ। ਹਕੂਮਤ ਦਾ ਫੁਰਮਾਨ ਸੀ ਕਿ ਗੁਰੂ ਤੇਗ ਬਹਾਦਰ ਜੀ ਦੇ ਕਤਲ ਤੋਂ ਬਾਅਦ ਉਹਨਾਂ ਦੇ ਸਰੀਰ ਨੂੰ ਕੋਈ ਵੀ ਹੱਥ ਨਹੀਂ ਲਗਾਏਗਾ ਤਾਂ ਕਿ ਦੇਹ ਦੀ ਬੇਅਦਬੀ ਕਰਕੇ ਲੋਕਾਂ ਡਰਾਇਆ ਜਾ ਸਕੇ, ਕਿ ਭਵਿੱਖ ਵਿੱਚ ਜੇ ਕੋਈ ਸਿਰ ਚੁੱਕੇਗਾ ਤਾਂ ਉਹਨਾਂ ਨਾਲ ਵੀ ਅਜਿਹਾ ਸਲੂਕ ਕੀਤਾ ਜਾਵੇਗਾ।ਇਸਦੇ ਉਲਟ ਸਿੱਖ ਬੇਖ਼ੌਫ਼ ਹੋ ਕੇ ਹਕੂਮਤ ਦੀ ਨਾਫ਼ੁਰਮਾਨੀ ਕਰਕੇ ਗੁਰੂ ਸਾਹਿਬ ਦੇ ਸਰੀਰ ਅਤੇ ਉਹਨਾਂ ਦੇ ਸਿਰ ਨੂੰ ਹਿਫਾਜ਼ਤ ਨਾਲ ਕਤਲਗਾਹ ਤੋਂ ਚੁੱਕ ਕੇ ਲੈ ਜਾਂਦੇ ਹਨ। ਇਥੋਂ ਤੱਕ ਕਿ ਹਕੂਮਤ ਦੇ ਸਾਹਮਣੇ ਇਕਬਾਲ ਕਰਦੇ ਹਨ ਕਿ ਉਹਨਾਂ ਨੇ ਕਿਸ ਤਰ੍ਹਾਂ ਆਪਣੀ ਜਿੰਮੇਵਾਰੀ ਨੂੰ ਨਿਭਾਉਂਦਿਆਂ ਗੁਰੂ ਸਾਹਿਬ ਦੀ ਦੇਹ ਦਾ ਸੰਸਕਾਰ ਕੀਤਾ ਅਤੇ ਸੀਸ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਸਪੁਰਦ ਕਰ ਦਿੱਤਾ।

ਨਾਟਕ ਵਿੱਚ ਲੱਖੀ ਸ਼ਾਹ ਵਣਜਾਰਾ, ਨਗਾਹੀਆ ਅਤੇ ਜੈਤਾ ਪੂਰੀ ਨਿਡਰਤਾ ਨਾਲ ਹਕੂਮਤ ਦੇ ਅੱਗੇ ਆ ਕੇ ਪੇਸ਼ ਹੁੰਦੇ ਹਨ ਤੇ ਆਪ ਦੱਸਦੇ ਹਨ ਕਿ ਗੁਰੂ ਸਾਹਿਬ ਦੇ ਦੀ ਧੜ ਨੂੰ ਅਤੇ ਸੀਸ ਨੂੰ ਉਹਨਾਂ ਨੇ ਹੀ ਉਠਾਇਆ ਸੀ ।

ਕਾਜ਼ੀ: ਖੁਫ਼ੀਆ ਮਹਿਕਮੇ ਨੂੰ ਤੇਰੇ ਉੱਤੇ ਲਾਸ਼ ਉਠਾਉਣ ਦਾ ਸ਼ੁਬ੍ਹਾ ਹੈ, ਕਿਆ ਤੂੰ ਮੰਨਦਾ ਹੈਂ?

ਲੱਖੀ: ਹਾਂ ਜਨਾਬ!

ਕਾਜ਼ੀ: (ਯਕੀਨ ਨਾ ਕਰਦਾ ਹੋਇਆ) ਕਿਆ ਤੂੰ ਹੋਸ਼ ਹਵਾਸ ਵਿੱਚ ਹੈਂ?

..

ਕਾਜ਼ੀ: (ਸਾਹੋ ਸਾਹ) ਫਿਰ ਲਾਸ਼ ਨੂੰ ਕਿਆ ਕੀਤਾ?

ਲੱਖੀ: ਸਿੱਖ ਮਰਿਯਾਦਾ ਮੁਤਾਬਕ ਅਗਨੀ ਭੇਟ ਕਰ ਦਿੱਤਾ।

ਕਾਜ਼ੀ: ਕਿਸ ਜਗ੍ਹਾ ਔਰ ਕਿਸ ਤਰ੍ਹਾਂ ?

ਲੱਖੀ: ਆਪਣੇ ਘਰ ਰਾਏ ਸੀਨਾ ਜਾ ਕੇ ਘਰ ਨੂੰ ਹੀ ਅੱਗ ਲਾ ਦਿੱਤੀ। (ਪੰਨਾ ਨੰ: 80-81)

...

ਕਾਜ਼ੀ: ਇਹ ਗਿਣੀ ਮਿਥੀ ਸਾਜ਼ਿਸ਼ ਹੈ ਤੈਨੂੰ ਪਤਾ ਇਸ ਜੁਰਮ ਦੀ ਕਿਆ ਸਜਾ ਹੈ

ਲੱਖੀ: ਮੌਤ ਜਾਂ ਧਰਮ ਬਦਲੀ।

ਕਾਜ਼ੀ: ਤੈਨੂੰ ਦੋਹਾਂ ਵਿੱਚੋਂ ਕਿਹੜਾ ਰਾਹ ਮਨਜ਼ੂਰ ਹੈ?

ਲੱਖੀ: ਗੁਰੂ ਤੇਗ ਬਹਾਦਰ ਦਾ ਦਰਸਾਇਆ ਹੋਇਆ ਰਾਹ।

ਕਾਜ਼ੀ: (ਕੰਨਾਂ ਨੂੰ ਹੱਥ ਲਾ ਕੇ) ਯਾ ਅੱਲ੍ਹਾ! ਮੈਂ ਕਿਆ ਸੁਣ ਰਿਹਾ ਹਾਂ। ਇਨ੍ਹਾਂ ਸਿੱਖਾਂ ਦੇ ਮਨੋਂ ਮੌਤ ਦਾ ਡਰ ਅਸਲੋਂ ਚੁੱਕਿਆ ਗਿਆ। ਇਹ ਕਿਸ ਧਾਤ ਤੇ ਬਣੇ ਹੋਏ ਨੇ। ਸਾਰੇ ਸ਼ਹੀਦ ਹੋਣ ਲਈ ਤਿਆਰ ਬੈਠੇ ਨੇ।

ਨਗਾਹੀਆ: ਇਹੋ ਕਰਾਮਾਤ ਹੈ ਮੇਰੇ ਗੁਰੂ ਦੀ । (ਪੰਨਾ ਨੰ 82)

....

ਜੈਤਾ ਵੀ ਹਾਜ਼ਰ ਹੁੰਦਾ ਹੈ ਜੋ ਹਕੂਮਤ ਦੀ ਨਾਫਰਮਾਨੀ ਕਰਕੇ ਆਪਣੇ ਫਰਜ਼ ਨੂੰ ਅੰਜਾਮ ਦੇ ਕੇ ਹਕੂਮਤੀ ਨਜ਼ਰ ਵਿੱਚ ਜ਼ੁਰਮ ਕਰਕੇ ਆਪ ਪੇਸ਼ ਹੁੰਦਾ ਹੈ

ਬਾਹਰੋਂ ਸ਼ਬਦ ਦੀ ਆਵਾਜ਼:

ਚਿਤ ਚਰਨ ਕੰਵਲ ਕਾ ਆਸਰਾ

ਚਿਤ ਚਰਨ ਕੰਵਲ ਸੰਗ ਜੋੜੀਏ

...

ਬਾਂਹ ਜਿਨਾਂ ਦੀ ਪਕੜੀਏ

ਸਿਰ ਦੀਜੈ ਬਾਹ ਨਾ ਛੋੜੀਏ ।......


© Copyright @ Authors

ਜੈਤਾ: (ਸ਼ਬਦ ਦੀ ਆਖਰੀ ਤੁੱਕ ਗਾਉਂਦਾ ਦਾਖਿਲ ਹੁੰਦਾ ਹੈ) ।

ਤੇਗ ਬਹਾਦਰ ਬੋਲਿਆ ਧਰ ਪਈਏ ਧਰਮ ਨ ਛੋੜੀਏ ।

…

ਜੈਤਾ ਕਬੂਲ ਕਰਦਾ ਹੈ ਕਿ ਉਸਨੇ ਗੁਰੂ ਸਾਹਿਬ ਦੇ ਸੀਸ ਨੂੰ ਆਪ ਚੁੱਕਿਆ ਅਤੇ ਸਫ਼ੈਦ ਕੱਪੜੇ ਵਿੱਚ ਲਪੇਟ ਕੇ ਅਨੰਦਪੁਰ ਸਾਹਿਬ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਦੇ ਹਵਾਲੇ ਕਰ ਦਿੱਤਾ, ਤਾਂ ਜੋ ਮਰਿਆਦਾ ਅਨੁਸਾਰ ਸੀਸ ਦਾ ਸਸਕਾਰ ਕੀਤਾ ਜਾ ਸਕੇ।

ਗੁਰੂ ਸਾਹਿਬ ਦੀ ਸ਼ਹੀਦੀ ਅਜਿਹੀ ਕਰਾਮਾਤ ਕਰ ਦਿਖਾਉਂਦੀ ਹੈ ਕਿ ਆਉਣ ਵਾਲੇ ਸਮੇਂ ਵਿੱਚ ਇਹੀ ਸਿੱਖ, ਇਹੀ ਹਿੰਦੁਸਤਾਨ ਦੇ ਮੁਰਝਾਏ ਹੋਏ ਲੋਕ, ਸਭ ਗੁਰੂ ਗੋਬਿੰਦ ਸਿੰਘ ਜੀ ਦੇ ਖੰਡੇ ਬਾਟੇ ਦੀ ਪਹੁਲ ਛੱਕ ਕੇ ਖਾਲਸਾ ਪੰਥ ਦੀ ਸਿਰਜਣਾ ਕਰਦੇ ਹਨ ਅਤੇ ਇੱਕ ਨਿਧੜਕ ਸੰਤ-ਸਿਪਾਹੀ ਵਾਲੀ ਕੌਮ ਦਾ ਬਣਦੇ ਹਨ। ਜਿਸ ਮਨੋਰਥ ਨਾਲ ਇਸ ਕੁਰਬਾਨੀ ਲਈ ਗੁਰੂ ਸਾਹਿਬ ਨੇ ਫ਼ੁਰਮਾਨ ਜਾਰੀ ਕੀਤੇ ਸਨ, ਉਸ ਮਨੋਰਥ ਦੀ ਪੂਰਤੀ ਦਾ ਅੰਦੇਸ਼ਾ ਨਾਟਕ ਵਿੱਚ ਉਸੇ ਵਕਤ ਲੱਗ ਜਾਂਦਾ ਹੈ ਜਦੋਂ ਕਾਜ਼ੀ, ਜੋ ਸਮੇਂ ਦੀ ਹਕੂਮਤ ਦੇ ਧਰਮ ਦੀ ਪੈਰਵੀ ਕਰਦਾ ਹੈ ਅਤੇ ਜਬਰ-ਜ਼ੁਲਮ ਵਿੱਚ ਔਰੰਗਜ਼ੇਬ ਦਾ ਸਾਥ ਦਿੰਦਾ ਹੈ, ਕੰਬ ਜਾਂਦਾ ਹੈ, ਉਸਨੂੰ ਤਿਉਣੀਆਂ ਆਉਂਦੀਆਂ ਹਨ । ਉਸਨੂੰ ਆਪਣੀ ਮੌਤ ਅਤੇ ਆਪਣੇ ਜ਼ੁਲਮ ਦੀ ਹਕੂਮਤ ਦੇ ਖਾਤਮੇ ਦੀ ਹੱਦ ਨਜ਼ਰ ਆਉਣ ਲੱਗਦੀ ਹੈ।

ਕਾਜ਼ੀ: ਯਾ ਅੱਲ੍ਹਾ! ਕਿਆ ਹੋਣ ਵਾਲਾ ਹੈ। ਮੈਨੂੰ ਤਰੇਲੀਆਂ ਆ ਰਹੀਆਂ ਹਨ। ਮੈਂ ਬਹੁਤ ਥੱਕ ਗਿਆ ਹਾਂ। ਸਖ਼ਤ ਪਰੇਸ਼ਾਨ ਹਾਂ। ਸਾਰੀ ਉਮਰ ਐਸਾ ਮੁਕੱਦਮਾ ਪੇਸ਼ ਨਹੀਂ ਆਇਆ। ਮੈਂ ਹੋਰ ਦੇਰ ਨਹੀਂ ਬੈਠ ਸਕਦਾ। (ਪੰਨਾ ਨੰ. 83)

ਮੁਸਲਮਾਨ ਧਰਮ ਜੋ ਹਕੂਮਤ ਦੇ ਹੰਕਾਰ ਵਿੱਚ ਆਪਣੇ ਧਰਮ ਨੂੰ ਸਰਵੋਤਮ ਮੰਨ ਕੇ ਦੂਸਰੇ ਧਰਮਾਂ ਦੀ ਬੇਅਦਬੀ ਕਰ ਰਿਹਾ ਸੀ ਉਸੇ ਧਰਮ ਦੇ ਕਾਜ਼ੀ ਦਾ ਕੰਬਣਾ, ਉਸਦੇ ਦਿਲ ਦਾ ਡੋਲਣਾ, ਉਸੇ ਸਰੀਰ ਵਿੱਚੋਂ ਸਤਿਆ ਦਾ ਖ਼ਤਮ ਹੋਣਾ ਅਸਲ ਵਿੱਚ ਜ਼ੋਰ ਜ਼ੁਲਮ ਨਾਲ ਹਿੰਦੁਸਤਾਨ ਵਿੱਚ ਪੈਰ ਜਮਾਈ ਬੈਠੇ ਮੁਸਲਮਾਨੀ ਧਰਮ ਦਾ ਸਮਾਜ ਵਿੱਚੋਂ ਉੱਖੜਨ ਦਾ ਸੰਕੇਤ ਹੈ।

ਕਾਜ਼ੀ: ਮੇਰੇ ਸਰੀਰ ਵਿੱਚੋਂ ਸਤਿਆ ਹੀ ਖਤਮ ਹੁੰਦੀ ਲੱਗਦੀ ਹੈ।

ਜੈਤਾ ਮੇਰੇ ਗੁਰੂ ਦੀ ਫ਼ਤਹ ਔਰ ਮੁਗਲਈ ਹਕੂਮਤ ਦੀ ਸ਼ਿਕਸਤ ਹੋਈ ਹੈ। ਗੁਰੂ ਤੇਗ ਬਹਾਦਰ ਅਮਰ ਹੈ। ਗੁਰੂ ਤੇਗ ਬਹਾਦਰ ਦੀ ਜੈ! ਜੈ!! (ਪੰਨਾ ਨੰ. 86)

'ਧਰਮ ਹੇਤ ਸਾਕਾ ਜਿਨਿ ਕੀਆ॥ ਸੀਸੁ ਦੀਆ ਪਰੁ ਸਿਰਰੁ ਨ ਦੀਆ॥' ਸਦੀਆਂ ਤੱਕ ਗੁਰੂ ਸਾਹਿਬ ਦੀ ਇਸ ਅਦੁੱਤੀ ਸ਼ਹਾਦਤ ਨੂੰ ਲੋਕਾਈ ਨਮਨ ਕਰਦੀ ਰਹੇਗੀ। ਸਤਿਗੁਰਾਂ ਨੇ ਧਰਮ ਅਤੇ ਅਸੂਲਾਂ ਖ਼ਾਤਰ ਜੋ ਰਸਤਾ ਆਉਣ ਵਾਲੀਆਂ ਪੀੜ੍ਹੀਆਂ ਨੂੰ ਦਿਖਾਇਆ, ਉਹ ਸਿੱਖ ਕੌਮ ਦੀ ਅਜ਼ਾਦ ਹੋਂਦ ਦਾ ਬੁਨਿਆਦੀ ਸਿਧਾਂਤ ਬਣ ਚੁੱਕਾ ਹੈ ਅਤੇ ਹਮੇਸ਼ਾ ਰਹੇਗਾ।

**ਹਵਾਲੇ**

1. ਸ੍ਰੀ ਦਸਮ ਗ੍ਰੰਥ ਸਾਹਿਬ , ਬਚਿਤ੍ਰ ਨਾਟਕ ਅ. ੫ - ੧੩/੧
2. ਗੁਰੂ ਗ੍ਰੰਥ ਸਾਹਿਬ ਜੀ, ਬਸੰਤੁ ਮਹਲਾ ੧, ਅੰਗ ੧੧੯੧ ਪੰ. ੪
3. ਉਹੀ, ਵਾਰ ਆਸਾ ਮਹਲਾ ੧, ਪਉੜੀ ਨੰ: ੧੬, ਅੰਗ, ੪੭੦
4. ਉਹੀ, ਵਾਰ ਮਾਰੂ ਮਹਲਾ ੫, ਅੰਗ ੧੧੩੬
5. ਗੁਰੂ ਗ੍ਰੰਥ ਸਾਹਿਬ ਜੀ, ਸਲੋਕੁ ਮਹਲਾ ੯, ਅੰਗ: ੧੪੨੭
6. ਉਹੀ, ਬਸੰਤੁ ਮਹਲਾ ੯ , ਅੰਗ ੧੧੮੬
7. ਗੁਰੂ ਤੇਗ ਬਹਾਦਰ ਸਿਮਰੀਐ, ਪ੍ਰੋ. ਪਿਆਰਾ ਸਿੰਘ ਪਦਮ, ਨਿਉ ਪਟਿਆਲਾ ਪ੍ਰਿੰਟਰਜ਼, ਪੰਨਾ ਨੰ. 27

**ਹੋਰ ਸ੍ਰੋਤ**

1. ਹਿੰਦ ਦੀ ਚਾਦਰ, ਡਾ. ਹਰਚਰਨ ਸਿੰਘ, ਲਾਹੌਰ ਬੁੱਕ ਸ਼ਾਪ, ਲੁਧਿਆਣਾ,1994
2. ਗੁਰੂ ਤੇਗ ਬਹਾਦਰ ਸਿਮਰੀਐ, ਪ੍ਰੋ. ਪਿਆਰਾ ਸਿੰਘ ਪਦਮ, ਨਿਊ ਪਟਿਆਲਾ ਪ੍ਰਿੰਟਰਜ਼,1994
3. ਸੀਸੁ ਦੀਆ ਪਰੁ ਸਿਰਰੁ ਨ ਦੀਆ, ਰਾਮ ਨਰੈਣ ਦਰਦੀ, ਲਾਹੌਰ ਬੁੱਕ ਸ਼ਾਪ, ਲੁਧਿਆਣਾ,1975


© Copyright @ Authors